## (ੲ) ਵਿਰੋਧਾਰਥਕ ਸ਼ਬਦ :

ਕਿਸੇ ਸ਼ਬਦ ਦੇ ਵਿਰੋਧੀ ਭਾਵਾਂ ਜਾਂ ਅਰਥਾਂ ਨੂੰ ਪ੍ਰਗਟ ਕਰਨ ਵਾਲ਼ੇ ਸ਼ਬਦ ਨੂੰ ਵਿਰੋਧਾਰਥਕ ਸ਼ਬਦ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਕਿਸੇ ਸ਼ਬਦ ਦੇ ਵਿਰੋਧੀ ਅਰਥਾਂ ਨੂੰ ਪ੍ਰਗਟ ਕਰਦਾ ਸ਼ਬਦ ਵਿਰੋਧਾਰਥਕ ਸ਼ਬਦ ਹੁੰਦਾ ਹੈ।

ਵਿਰੋਧਾਰਥਕ ਸ਼ਬਦਾਂ ਦੀਆਂ ਉਦਾਹਰਨਾਂ ਹੇਠ ਦਿੱਤੀਆਂ ਹਨ :

| | | | |
|---|---|---|---|
| ਉਸਤਤ | ਨਿੰਦਿਆ | ਉੱਚਾ | ਨੀਵਾਂ |
| ਉਚਾਣ | ਨਿਵਾਣ | ਅਗਾਂਹ | ਪਿਛਾਂਹ |
| ਉੱਚੀ | ਹੌਲ਼ੀ, ਨੀਵੀਂ | ਅਨੋਖਾ | ਸਧਾਰਨ |
| ਉਜਾੜਨਾ | ਵਸਾਉਣਾ | ਅਮੀਰ | ਗ਼ਰੀਬ |
| ਉੱਠਣਾ | ਬੈਠਣਾ | ਅਜ਼ਾਦੀ | ਗ਼ੁਲਾਮੀ |
| ਉਣਨਾ | ਉਧੇੜਨਾ | ਅੰਤ | ਅਰੰਭ |
| ਉੱਤਰਨਾ | ਚੜ੍ਹਨਾ | ਅੰਦਰ | ਬਾਹਰ |
| ਉੱਦਮੀ | ਆਲਸੀ | ਅੰਨ੍ਹਾ | ਸੁਜਾਖਾ |
| ਉੱਪਰ | ਹੇਠਾਂ | ਆਸਤਕ | ਨਾਸਤਕ |
| ਓਪਰਾ | ਜਾਣੂ, ਜਾਣਕਾਰ | ਆਕੜ | ਹਲੀਮੀ, ਨਿਮਰਤਾ |
| ਉਰਲਾ | ਪਰਲਾ | ਆਦਰ | ਨਿਰਾਦਰ |
| ਊਚ | ਨੀਚ | ਆਦਿ | ਅੰਤ |
| ਊਣਾ | ਭਰਿਆ | ਆਪਣਾ | ਪਰਾਇਆ, ਬੇਗਾਨਾ |
| ਅਸਲੀ | ਨਕਲੀ | ਆਮ | ਖ਼ਾਸ |

| | | | |
|---|---|---|---|
| ਸੌਖ | ਔਖ | ਹਨੇਰਾ | ਚਾਨਣ |
| ਇੱਜ਼ਤ | ਬੇਇਜ਼ਤੀ | ਹਮਾਇਤੀ | ਵਿਰੋਧੀ |
| ਇਮਾਨਦਾਰ | ਬੇਈਮਾਨ | ਹਲਾਲ | ਹਰਾਮ |
| ਇੱਥੇ | ਉੱਥੇ | ਹਾਜ਼ਰ | ਗੈਰਹਾਜ਼ਰ |
| ਇੱਧਰ | ਉੱਧਰ | ਹਾਰ | ਜਿੱਤ |
| ਏਕਤਾ | ਫੁੱਟ | ਹਾੜ੍ਹੀ | ਸਾਉਣੀ |
| ਸਸਤਾ | ਮਹਿੰਗਾ | ਕੱਚਾ | ਪੱਕਾ |
| ਸਹੀ | ਗ਼ਲਤ | ਕਠੋਰ | ਨਰਮ , ਕੋਮਲ |
| ਸਕਾ | ਮਤਰੇਆ | ਕਪੁੱਤਰ | ਸਪੁੱਤਰ |
| ਸੱਖਣਾ | ਭਰਿਆ | ਕੱਲ੍ਹ | ਅੱਜ |
| ਸੱਚ | ਝੂਠ | ਕਾਲਾ | ਗੋਰਾ |
| ਸੱਜਰ | ਤੋਕੜ | ਕੁੜੱਤਣ | ਮਿਠਾਸ |
| ਸੱਜਰਾ | ਬੇਹਾ | ਕੌੜਾ | ਮਿੱਠਾ |
| ਸਰਦੀ | ਗਰਮੀ | ਖੱਟਣਾ | ਗੁਆਉਣਾ |
| ਸੁਰਗ ਜਾਂ ਸ੍ਵਰਗ | ਨਰਕ | ਖਰਾ | ਖੋਟਾ |
| ਸੰਖੇਪ. | ਵਿਸਤਾਰ | ਖੁੰਢਾ | ਤਿੱਖਾ |
| ਸੰਘਣਾ | ਵਿਰਲਾ | ਖੁੱਲ੍ਹਾ | ਤੰਗ |
| ਸੰਜੋਗ | ਵਿਜੋਗ | ਗਰਮੀ | ਸਰਦੀ |
| ਸਾਫ਼ | ਮੈਲਾ | ਗਿੱਲਾ | ਸੁੱਕਾ |
| ਸਿਆਣਾ | ਕਮਲਾ | ਗੁਣ | ਔਗੁਣ |
| ਸਿੱਧਾ | ਪੁੱਠਾ | ਗੁਪਤ | ਪ੍ਰਗਟ |
| ਸੁਹਾਗਣ | ਵਿਧਵਾ | ਗੂੜ੍ਹਾ | ਫਿੱਕਾ, ਮੱਧਮ |
| ਸੁਸਤ | ਚੁਸਤ | ਗੰਦਾ | ਸਾਫ਼ |
| ਸੁੱਕਾ | ਗਿੱਲਾ, ਹਰਾ | ਘੱਟ | ਵੱਧ |
| ਸੁਖੀ | ਦੁਖੀ | ਘਾਟਾ | ਵਾਧਾ |
| ਸੁਚੱਜਾ | ਕੁਚੱਜਾ | ਚਲਾਕ | ਸਿੱਧਾ |
| ਸੋਗ | ਖ਼ੁਸ਼ੀ | ਚੜ੍ਹਦਾ | ਲਹਿੰਦਾ |
| ਹੱਸਣਾ | ਰੋਣਾ | ਚੜ੍ਹਾਈ | ਉਤਰਾਈ |



Scanned with CamScanner